# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 03.01.2022 ਨੂੰ ਦੁਪਹਿਰ 12.00 ਵਜੇ

ਅੱਜ ਮਿਤੀ 03.01.2022 ਨੂੰ ਦੁਪਹਿਰ 12.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਬਲਜੀਤ ਕੋਰ | 3 | ਕੌਂਸਲਰ |
| 2 | ਸੁਖਦੇਵ ਸਿੰਘ | 4 | ਕੌਂਸਲਰ |
| 3 | ਸੋਨੀਆ | 5 | ਕੌਂਸਲਰ |
| 4 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 5 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 6 | ਵੀਰਪਾਲ ਕੋਰ | 9 | ਕੌਂਸਲਰ |
| 7 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 9 | ਮਨਜੀਤ ਕੋਰ | 15 | ਕੌਂਸਲਰ |
| 10 | ਬਲਰਾਜ ਸਿੰਘ | 16 | ਕੌਂਸਲਰ |
| 11 | ਸਿਮਰਨ | 17 | ਕੌਂਸਲਰ |
| 12 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 13 | ਸ਼ੀਲਾ | 19 | ਕੌਂਸਲਰ |
| 14 | ਮੱਖਣ ਸਿੰਘ | 20 | ਕੌਂਸਲਰ |
| 15 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 16 | ਸੁਰੇਸ਼ ਕੁਮਾਰ | 22 | ਕੌਂਸਲਰ |
| 17 | ਕਿਰਨ ਰਾਣੀ | 23 | ਕੌਂਸਲਰ |
| 18 | ਕਮਲਜੀਤ ਕੋਰ | 25 | ਕੌਂਸਲਰ |
| 19 | ਸੰਦੀਪ ਕੁਮਾਰ | 26 | ਕੌਂਸਲਰ |
| 20 | ਉਸ਼ਾ ਗੋਇਲ | 27 | ਕੌਂਸਲਰ |
| 21 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 22 | ਰੀਨਾ ਗੁਪਤਾ | 29 | ਕੌਂਸਲਰ |
| 23 | ਬਲਜਿੰਦਰ ਸਿੰਘ | 30 | ਕੌਂਸਲਰ |
| 24 | ਪ੍ਰਵੀਨ ਗਰਗ | 31 | ਕੌਂਸਲਰ |
| 25 | ਨੇਹਾ | 33 | ਕੌਂਸਲਰ |
| 26 | ਜਸਵੀਰ ਸਿੰਘ | 34 | ਕੌਂਸਲਰ |
| 27 | ਹਰਵਿੰਦਰ ਸਿੰਘ | 36 | ਕੌਂਸਲਰ |
| 28 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 29 | ਪੁਸ਼ਪਾ ਰਾਣੀ | 39 | ਕੌਂਸਲਰ |
| 30 | ਆਤਮਾ ਸਿੰਘ | 40 | ਕੌਂਸਲਰ |
| 31 | ਕੁਲਵਿੰਦਰ ਕੋਰ | 41 | ਕੌਂਸਲਰ |
| 32 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 33 | ਅਨੀਤਾ ਗੋਇਲ | 43 | ਕੌਂਸਲਰ |
| 34 | ਇੰਦਰਜੀਤ ਸਿੰਘ | 44 | ਕੌਂਸਲਰ |
| 35 | ਰਾਜ ਰਾਣੀ | 45 | ਕੌਂਸਲਰ |
| 36 | ਰਤਨ ਰਾਹੀ | 46 | ਕੌਂਸਲਰ |
| 37 | ਮਮਤਾ | 47 | ਕੌਂਸਲਰ |
| 38 | ਕਮਲੇਸ਼ ਮਹਿਰਾ | 49 | ਕੌਂਸਲਰ |

*ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।*

**ਏਜੰਡਾ ਨੰਬਰ 1 :**

ਜਨਰਲ ਹਾਊਸ ਦੀ ਮੀਟਿੰਗ ਮਿਤੀ 25.11.2021 ਦੀ ਕਾਰਵਾਈ ਦੀ ਪਕਿਆਈ।

| | |
|---|---|
| **ਮਤਾ ਨੰਬਰ 85:** | **ਮੀਟਿੰਗ ਮਿਤੀ 25.11.2021 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 2 :**

ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 17.12.2021 ਅਤੇ ਮੀਟਿੰਗ ਮਿਤੀ 24.12.2021 ਦੀ ਕਾਰਵਾਈ ਦੀ ਪਕਿਆਈ।

| | |
|---|---|
| **ਮਤਾ ਨੰਬਰ 86:** | **ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 17.12.2021 ਅਤੇ ਮੀਟਿੰਗ ਮਿਤੀ 24.12.2021 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 3 :**

ਰਿਪੋਰਟ ਪ੍ਰਾਪਰਟੀ ਟੈਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦਾ ਹਾਊਸ ਟੈਕਸ/ਚੂੰਗੀ ਦਾ ਸਿਕ ਯੂਨਿਟਾਂ ਵੱਲ ਹੇਠ ਲਿਖੇ ਅਨੁਸਾਰ ਬਕਾਇਆ ਹੈ:-

| **ਲੜੀ ਨੰ:** | **ਯੂਨਿਟ ਨੰ:** | **ਨਾਮ** | **ਬਕਾਇਆ ਹਾਊਸ ਟੈਕਸ** | **ਚੂੰਗੀ** | **ਕੁੱਲ ਬਕਾਇਆਜਾਤ** |
|---|---|---|---|---|---|
| 1 | 8210C | ਮੂਨਕ ਕੈਮੀਕਲਜ਼, ਡੱਬਵਾਲੀ ਰੋਡ, ਬਠਿੰਡਾ | 324000 | - | 324000 |
| 2 | 8210BA5A | ਛਤਰਾਂ ਐਕਸਟਰੇਸ਼ਨ ਲਿਮ., ਡੱਬਵਾਲੀ ਰੋਡ, ਬਠਿੰਡਾ | 51974 | - | 54574 |
| 3 | 8212B | ਪੰਜਾਬ ਸਪਿਨਿੰਗ ਐਂਡ ਵੀਵਿੰਗ ਮਿੱਲ, ਡੱਬਵਾਲੀ ਰੋਡ, ਬਠਿੰਡਾ | 225000 | 67500 | 292500 |
| 4 | 8212B1 | ਪੰਜਾਬ ਸੈਰਾਮਿਕਸ, ਡੱਬਵਾਲੀ ਰੋਡ, ਬਠਿੰਡਾ | 2056894 | 3271676 | 5328570 |
| 5 | 8219B-A | ਦੀ ਬਠਿੰਡਾ ਇਟੈਗਰੇਟਿਡ ਕੋਆਪਰੇਟਿਵ ਕਾਟਨ ਜਿਨਿੰਗ ਐਂਡ ਸਪਿਨਿੰਗ ਮਿੱਲ ਲਿਮ. ਮਾਨਸਾ ਰੋਡ, ਬਠਿੰਡਾ | 459000 | 22950 | 481950 |
| 6 | | ਉਕਤ | | 131028.98 | 131028.98 |
| | | **ਕੁੱਲ** | **3116868.00** | **3493154.98** | **6612622.98** |

ਉਕਤ ਯੂਨਿਟਾਂ ਦੇ ਹਾਊਸ ਟੈਕਸ/ਚੂੰਗੀ ਦੀ ਰਿਕਵਰੀ ਸਬੰਧੀ ਵੱਖ-2 ਲਿਕਿਊਡੇਟਰ ਨਿਯੁਕਤ ਕੀਤੇ ਗਏ ਸਨ। ਜਿਨ੍ਹਾਂ ਨਾਲ ਸਮੇਂ-ਸਮੇਂ ਤੇ ਉਕਤ ਵਿਸ਼ੇ ਸਬੰਧੀ ਪੱਤਰ ਵਿਹਾਰ ਕੀਤਾ ਗਿਆ। ਜਿਨ੍ਹਾਂ ਵਿੱਚੋਂ ਪੰਜਾਬ ਸੈਰਾਮਿਕਸ ਦੇ ਕੇਸ ਨਾਲ ਸਬੰਧਤ ਲਿਕਿਊਡੇਟਰ ਸ੍ਰੀ ਓ.ਪੀ. ਸ਼ਰਮਾ ਨੇ ਆਪਣੇ ਪੱਤਰ ਮਿਤੀ 10-01-2018 ਰਾਹੀਂ ਨਗਰ ਨਿਗਮ ਨੂੰ ਸੂਚਿਤ ਕੀਤਾ ਸੀ ਕਿ ਇਸ ਕੇਸ ਨਾਲ ਸਬੰਧਤ ਕਲੇਮਾਂ ਸਬੰਧੀ ਫੈਸਲਾ ਮਾਨਯੋਗ ਹਾਈਕੋਰਟ ਵਿੱਚ ਵਿਚਾਰ ਅਧੀਨ ਹੈ ਅਤੇ ਪੰਜਾਬ ਸਪਿੰਨਿੰਗ ਐਂਡ ਵੀਵਿੰਗ ਮਿੱਲ ਦੇ ਕਲੇਮਾਂ ਸਬੰਧੀ ਮਿਤੀ 11-08-2005 ਨੂੰ ਹਿੰਦੁਸਤਾਨ ਟਾਈਮਜ, ਪੰਜਾਬ ਕੇਸਰੀ ਅਤੇ ਅਜੀਤ ਪੰਜਾਬੀ ਵਿੱਚ ਨੋਟਿਸ ਪ੍ਰਕਾਸ਼ਿਤ ਕੀਤਾ ਗਿਆ ਸੀ। ਨਗਰ ਨਿਗਮ ਨੂੰ ਦੇਰੀ ਕਾਰਨ ਮਾਨਯੋਗ ਹਾਈਕੋਰਟ ਵਿੱਚ ਐਪਲੀਕੇਸ਼ਨ ਦਾਇਰ ਕਰਨੀ ਪਵੇਗੀ। ਇਸ ਤੋਂ ਬਿਨ੍ਹਾਂ ਦੂਸਰੇ ਕੇਸਾਂ ਵਿੱਚ ਨਿਯੁਕਤ ਲਿਕਿਊਡੇਟਰਾਂ ਵੱਲੋਂ ਨਗਰ ਨਿਗਮ ਵੱਲੋਂ ਲਿਖੇ ਪੱਤਰਾਂ ਦਾ ਕੋਈ ਜੁਆਬ ਨਹੀਂ ਦਿੱਤਾ ਗਿਆ। ਵਿਧਾਨ ਸਭਾ ਕਮੇਟੀ ਵੱਲੋਂ ਮਿਤੀ 01-11-2021 ਨੂੰ ਹੋਈ ਮੀਟਿੰਗ ਵਿੱਚ ਨਿਰਦੇਸ਼ ਦਿੱਤੇ ਗਏ ਹਨ ਕਿ ਇਨ੍ਹਾਂ ਸਿਕ ਯੂਨਿਟਾਂ ਵੱਲ ਬਕਾਏ ਦੀ ਰਕਮ ਨੂੰ ਵੱਟੇ ਖਾਤੇ ਪਾਉਣ ਲਈ ਨਗਰ ਨਿਗਮ ਦੇ ਹਾਊਸ ਵਿੱਚ ਮਤਾ ਲਿਆਂਦਾ ਜਾਵੇ। ਇਸ ਸਮੇਂ ਇੰਨ੍ਹਾਂ ਸਿੱਕ ਯੂਨਿਟਾਂ ਵੱਲ ਬਕਾਏ ਦੀ ਰਕਮ ਦੀ ਵਸੂਲੀ ਕਰਨੀ ਸੰਭਵ ਨਹੀਂ ਹੈ। ਸੋ ਇੰਨ੍ਹਾਂ ਯੂਨਿਟਾਂ ਵੱਲ ਬਕਾਏ ਦੀ ਰਕਮ ਨੂੰ ਵੱਟੇ ਖਾਤੇ ਪਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 87:** | **ਪ੍ਰਵਾਨ ਹੈ।** |

**ਏਜੰਡਾ ਨੰਬਰ 4 :**

ਦਫਤਰੀ ਰਿਪੋਰਟ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਸ਼੍ਰੀ ਚਰਨਜੀਤ ਸਿੰਘ ਚੰਨੀ ਜੀ ਦੇ ਮਿਤੀ 14.12.2021 ਨੂੰ ਆਏ ਪ੍ਰੈਸ ਬਿਆਨ ਅਨੁਸਾਰ ਸਾਰੇ ਆਉਟਸੋਰਸ ਮੁਲਾਜ਼ਮਾਂ ਨੂੰ ਆਉਟਸੋਰਸ ਤੋਂ ਸਿੱਧਾ ਨਗਰ ਨਿਗਮ

ਦੇ ਕੰਟਰੈਕਟ ਤੇ ਕੀਤਾ ਜਾਵੇਗਾ। ਇਸ ਸਬੰਧੀ ਨਗਰ ਨਿਗਮਾਂ ਵੱਲੋਂ ਮਤਾ ਪਾ ਕੇ ਭੇਜਿਆ ਜਾਵੇਗਾ ਅਤੇ ਸਰਕਾਰ ਵੱਲੋਂ ਉਹ ਮਤਾ ਪ੍ਰਵਾਨ ਕਰਕੇ ਭੇਜ ਦਿੱਤਾ ਜਾਵੇਗਾ।

ਇਸ ਸਬੰਧੀ ਸਮੂਹ ਕਲੱਰਕ-ਕਮ-ਡਾਟਾ ਐਂਟਰੀ ਆਪਰੇਟਰਾਂ, ਸੇਵਾਦਾਰਾਂ, ਇਲੈਕਟ੍ਰੀਸ਼ਨ, ਹੈਲਪਰ, ਡਰਾਈਵਰ, ਮਾਲੀ, ਰੋਡ ਗੈਂਗ ਅਤੇ ਹੋਰ ਸਟਾਫ ਵੱਲੋਂ ਉਹਨਾਂ ਨੂੰ ਆਊਟਸੋਰਸ ਤੋਂ ਸਿੱਧਾ ਨਗਰ ਨਿਗਮ ਦੇ ਕੰਟਰੈਕਟ ਤੇ ਕਰਨ ਲਈ ਬੇਨਤੀ ਪੱਤਰ ਦਿੱਤਾ ਗਿਆ ਹੈ ਅਤੇ ਬੇਨਤੀ ਕੀਤੀ ਹੈ ਕਿ "ਨਗਰ ਨਿਗਮ ਬਠਿੰਡਾ ਵਿਖੇ ਅਸੀ ਆਊਟਸੋਰਸ ਰਾਹੀਂ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਾਂ। ਅਸੀ ਆਪਣਾ ਕੰਮ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰ ਰਹੇ ਹਾਂ। ਕੰਮ ਸਬੰਧੀ ਕਿਸੇ ਵੀ ਅਫਸਰ ਵਲੋਂ ਸਾਡੀ ਕੋਈ ਕੰਪਲੈਂਟ ਨਹੀਂ ਹੈ। ਪਰੰਤੂ ਸਾਡੀ ਤਨਖਾਹ ਠੇਕੇਦਾਰ ਰਾਹੀਂ ਹੋਣ ਕਰਕੇ ਸਹੀ ਸਮੇਂ ਤੇ ਨਹੀਂ ਮਿਲਦੀ। ਅਸੀ ਕੰਮ ਤਾਂ ਨਗਰ ਨਿਗਮ, ਬਠਿੰਡਾ ਦਫਤਰ ਦਾ ਹੀ ਕਰ ਰਹੇ ਹਾਂ ਅਤੇ ਸਿਰਫ ਤਨਖਾਹ ਠੇਕੇਦਾਰ ਵੱਲੋਂ ਦਿੱਤੀ ਜਾਂਦੀ ਹੈ।"

ਨਗਰ ਨਿਗਮ ਵੱਲੋਂ ਠੇਕੇਦਾਰ ਨੂੰ ਲੇਬਰ ਸਪਲਾਈ ਲਈ ਸਰਵਿਸ ਚਾਰਜ਼ ਵੀ ਦਿੱਤਾ ਜਾਂਦਾ ਹੈ ਜੋ ਕਿ ਇੱਕ ਤਰ੍ਹਾਂ ਨਾਲ ਨਗਰ ਨਿਗਮ ਦਾ ਵਿੱਤੀ ਨੁਕਸਾਨ ਹੀ ਹੈ। ਜੇਕਰ ਇਹਨਾਂ ਨੂੰ ਸਿੱਧਾ ਨਗਰ ਨਿਗਮ ਦੇ ਕੰਟਰੈਕਟ ਤੇ ਕੀਤਾ ਜਾਂਦਾ ਹੈ ਤਾਂ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

ਇਸ ਲਈ ਜਿੰਨ੍ਹਾਂ ਕਰਮਚਾਰੀਆਂ ਪ੍ਰਤੀ ਕੋਈ ਕੰਪਲੈਂਟ ਨਹੀਂ ਹੈ ਅਤੇ ਜਿੰਨ੍ਹਾਂ ਦਾ ਕੰਮ ਤਸੱਲੀਬਖਸ਼ ਹੈ, ਉਹਨਾਂ ਨੂੰ ਸਿੱਧਾ ਨਗਰ ਨਿਗਮ ਦੇ ਕੰਟਰੈਕਟ ਤੇ ਕਰਨ ਲਈ ਤਜਵੀਜ ਸਰਕਾਰ ਪਾਸ ਭੇਜਣ ਖਾਤਰ ਪ੍ਰਵਾਨਗੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 88:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 5 :**

ਰਿਪੋਰਟ ਸਿਹਤ ਸ਼ਾਖਾ ਕਿ ਸਰਕਾਰ ਦੇ ਹੁਕਮ ਨੰਬਰ ਸ1-ਜਬ-2021/103 ਮਿਤੀ 14.12.2021 ਸਬੰਧੀ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਜੀ ਵਲੋਂ ਹੁਕਮ ਜਾਰੀ ਕੀਤੇ ਗਏ ਹਨ ਕਿ "ਮੰਤਰੀ ਪ੍ਰੀਸ਼ਦ ਦੇ ਫੈਸਲੇ ਮਿਤੀ 18.06.2021 ਤੋਂ ਪਹਿਲਾਂ ਸ਼ਹਿਰੀ ਸਥਾਨਕ ਸੰਸਥਾਂਵਾਂ ਵਿੱਚ ਕੰਟਰੈਕਟ ਬੇਸਿਸ ਤੇ ਕੰਮ ਕਰਦੇ ਸਫਾਈ ਸੇਵਕ/ ਸੀਵਰਮੈਨਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਂਦੀਆਂ ਹਨ।

2. ਪ੍ਰਸੋਨਲ ਵਿਭਾਗ, ਪੰਜਾਬ ਦੇ ਅੰ:ਵਿ:ਪੰ:ਨੰ:1/2016-4ਪੀ.ਪੀ.1/834680/2 ਮਿਤੀ 07.09.2016 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਰੈਗੂਲਰ ਕੀਤੇ ਜਾਣ ਵਾਲੇ ਕਰਮਚਾਰੀਆਂ ਦ ਪਰਖਕਾਲ ਦਾ ਸਮਾਂ ਤਿੰਨ ਸਾਲ ਦਾ ਹੋਵੇਗਾ। ਇਸਤੋਂ ਇਲਾਵਾ ਇਹਨਾਂ ਕਰਮਚਾਰੀਆਂ ਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 8/1/2004-3ਐਫਪੀ2/2078 ਮਿਤੀ 02.03.2004 ਦੇ ਸਨੱਮੁਖ ਸਰਕਾਰ ਵੱਲੋਂ ਲਾਗੂ ਕੀਤੀ ਗਈ ਨਵੀਂ "Defined Contributory Pension Scheme" ਲਾਗੂ ਹੋਵੇਗੀ।

3. ਇਹ ਹੁਕਮ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 09.12.2021 ਨੂੰ ਹੋਈ ਮੀਟਿੰਗ ਵਿੱਚ ਦਿੱਤੀ ਪ੍ਰਵਾਨਗੀ ਸਨਮੁੱਖ ਜਾਰੀ ਕੀਤੇ ਜਾਂਦੇ ਹਨ।

ਇਸ ਸਬੰਧੀ ਹੋਣ ਵਾਲਾ ਖਰਚਾ ਸਬੰਧਤ ਸ਼ਹਿਰੀ ਸਥਾਨਕ ਸੰਸਥਾਂ ਵੱਲੋਂ ਹੀ ਸਹਿਣ ਕੀਤਾ ਜਾਵੇਗਾ।

ਉਕਤ ਹੁਕਮਾਂ ਅਨੁਸਾਰ 126 ਅਜਿਹੇ ਕਰਮਚਾਰੀ ਕੁਆਲੀਫਾਈ ਕਰਦੇ ਹਨ। ਇਹਨਾਂ ਹੁਕਮਾਂ ਅਨੁਸਾਰ 126 ਕੰਟਰੈਕਟ ਬੇਸਿਸ ਸਫਾਈ ਸੇਵਕ ਨੂੰ ਰੈਗੂਲਰ ਕਰਨ ਲਈ ਹਾਊਸ ਨਗਰ ਨਿਗਮ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ।

| **ਮਤਾ ਨੰਬਰ 89:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 6 :**

ਰਿਪੋਰਟ ਰੈਂਟ ਸ਼ਾਖਾ ਕਿ ਪਬਲਿਕ ਲਾਇਬਰੇਰੀ (ਰਜਿ:) ਬਠਿੰਡਾ ਵਾਲੀ ਜਗ੍ਹਾ 1840 ਵਰਗ ਗਜ਼ ਜਗ੍ਹਾ ਸਾਲ 1965 ਤੋਂ ਲੀਜ਼ ਤੇ ਦਿੱਤੀ ਗਈ ਸੀ। ਹਾਊਸ ਦੇ ਮਤਾ ਨੰਬਰ 24 ਮਿਤੀ 23.06.2021 ਨੂੰ ਮੱਦੇ ਨਜ਼ਰ ਰੱਖਦੇ ਹੋਏ ਸਰਕਾਰ ਦੇ ਨੋਟੀਫਿਕੇਸ਼ਨ ਨੰ: 12-ਪੀ.ਐਲ.ਏ.-2020/13 ਮਿਤੀ 03.03.2020 ਰਾਹੀਂ **ਦੁਕਾਨਾਂ ਤੋਂ ਇਲਾਵਾ ਸਿਰਫ ਲਾਇਬਰੇਰੀ ਹਾਲ** ਦੀ ਲੀਜ਼ ਮਨੀ 2154/- ਰੁਪਏ ਹਰ ਤਿੰਨ ਸਾਲ ਬਾਅਦ 20% ਵਾਧਾ ਕਰਨ ਉਪਰੰਤ ਇਸ ਦੀ ਲੀਜ਼ ਮਿਤੀ 01.04.2015 ਤੋਂ 31.03.2018 ਅਤੇ ਮਿਤੀ 01.04.2018 ਤੋਂ 31.03.2021 ਤੱਕ ਦੋ ਪੜਾਵਾਂ ਵਿੱਚ ਵਾਧਾ ਕੀਤਾ ਗਿਆ ਸੀ।

ਹੁਣ ਪਬਲਿਕ ਲਾਇਬਰੇਰੀ ਵੱਲੋਂ ਦਰਖਾਸਤ ਨੰਬਰ 6782 ਮਿਤੀ 30.11.2021 ਰਾਹੀਂ ਬੇਨਤੀ ਕੀਤੀ ਗਈ ਹੈ ਕਿ ਇੰਨ੍ਹਾਂ ਦੀ ਲੀਜ਼ ਤਿੰਨ ਸਾਲਾਂ ਲਈ ਮਿਤੀ 01.04.2021 ਤੋਂ 31.03.2024 ਤੱਕ ਵਧਾਈ ਜਾਵੇ। ਇੰਨ੍ਹਾਂ ਦੇ ਪੱਤਰ ਵਿੱਚ ਲਿਖਿਆ ਹੈ ਕਿ ਜੋ ਪਿਛਲੇ 6-7 ਸਾਲਾਂ ਤੋਂ ਪਬਲਿਕ ਲਾਈਬਰੇਰੀ ਦੀ ਲੀਜ਼ ਦੁਕਾਨਾਂ ਨੂੰ ਛੱਡ ਕੇ ਵਧਾਈ ਗਈ ਹੈ, ਉਹ ਇੰਨ੍ਹਾਂ ਨੂੰ ਮੰਨਜ਼ੂਰ ਨਹੀਂ ਹੈ। ਇੱਥੇ ਇਹ ਵੀ ਦਸਿਆ ਜਾਂਦਾ ਹੈ ਕਿ ਇਸ ਸਬੰਧੀ ਵਿਧਾਨ ਸਭਾ ਕਮੇਟੀ ਨੇ ਲਿਖਿਆ ਹੈ ਕਿ ਦੁਕਾਨਾਂ ਦਾ ਕਿਰਾਇਆ ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਪੱਧਰ ਤੇ ਵਸੂਲ ਕਰੇ। ਇਸ ਸਬੰਧੀ ਲੀਜ਼ ਵਿੱਚ ਵਾਧਾ ਕਰਨ ਲਈ ਅਗਰ ਮੰਨਜ਼ੂਰ ਹੋਵੇ ਤਾਂ ਕੇਸ ਦੁਬਾਰਾ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 90:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 7 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਪ੍ਰਮੋਟਰ ਵੱਲੋਂ ਦਿੱਤੀ ਦਰਖਾਸਤ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਪਾਪਰਾ ਐਕਟ 1995 ਅਧੀਨ ਗਰੀਨ ਸਿਟੀ ਪਾਰਟ ਫੇਜ-3, ਰਕਬਾ 48.82 ਏਕੜ ਗਰੀਨ ਪੈਲੇਸ ਰੋਡ, ਬਠਿੰਡਾ ਨੂੰ ਡਿਵੈਲਪ ਕਰਨ ਲਈ ਲਾਇਸੰਸ 01/2014 ਮਿਤੀ 10/10/2014 ਕਮਿਸ਼ਨਰ ਕਮ ਕੰਪੀਟੈਂਟ ਅਥਾਰਟੀ ਨਗਰ ਨਿਗਮ, ਬਠਿੰਡਾ ਵੱਲੋਂ ਜਾਰੀ ਕੀਤਾ ਗਿਆ ਸੀ। ਇਸ ਕਲੋਨੀ ਦਾ ਅੰਸ਼ਿਕ ਕੰਪਲੀਸ਼ਨ ਸਰਟੀਫਿਕੇਟ ਨਗਰ ਨਿਗਮ ਵਲੋਂ ਮਿਤੀ 30/10/2017 ਰਾਹੀ ਜਾਰੀ ਕੀਤਾ ਗਿਆ ਹੈ ਅਤੇ ਇਸ ਕਲੋਨੀ ਦੇ ਬਣਦੇ ਕੁੱਲ ਚਾਰਜਿਜ/ਫੀਸਾਂ ਜਮ੍ਹਾਂ ਹੋ ਚੁੱਕੀਆ ਹਨ। ਇਸ ਕਲੋਨੀ ਨੂੰ ਪਾਰਸ਼ੀਅਲ ਟੇਕਓਵਰ ਕਰਨ ਲਈ ਕਲੋਨੀ ਦੀਆਂ ਓਪਨ ਸਪੇਸਿਸ ਦੀ ਰਜਿਸਟਰੀ ਪ੍ਰਮੋਟਰ ਵਲੋਂ ਨਗਰ ਨਿਗਮ ਦੇ ਨਾਮ ਵਸੀਕਾ ਨੰ. 2021-22/23/1/8930 ਮਿਤੀ 13/12/2021 ਰਾਹੀਂ ਓਪਨ ਸਪੇਸਿਸ ਦੀ ਰਜਿਸਟਰੀ ਨਗਰ ਨਿਗਮ ਬਠਿੰਡਾ ਦੇ ਨਾਮ ਕਰਵਾ ਦਿੱਤੀ ਹੈ। ਇਸ ਦੇ ਨਾਲ ਹੀ ਪ੍ਰਮੋਟਰ ਵੱਲੋਂ ਬੇਨਤੀ ਕੀਤੀ ਹੈ ਕਿ ਉਹਨਾਂ ਨੂੰ ਇਸ ਕਲੋਨੀ ਦਾ ਹੈਂਡਓਵਰ ਸਰਟੀਫਿਕੇਟ ਜਾਰੀ ਕੀਤਾ ਜਾਵੇ।

ਪਾਪਰਾ ਐਕਟ 1995 ਦੇ ਸੈਕਸ਼ਨ 2 (l) ਅਧੀਨ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ. 17/17/01-5HG2/1558 ਮਿਤੀ 12/08/2015 ਅਤੇ ਨੋਟੀਫਿਕੇਸ਼ਨ ਨੰ. 18/17/09-5HG2/1504 ਮਿਤੀ 06/12/2021 ਰਾਹੀਂ ਇਸ ਐਕਟ ਅਨੁਸਾਰ ਕੰਮ ਕਰਨ ਲਈ ਨਗਰ ਨਿਗਮਾਂ ਵਿੱਚ ਕਮਿਸ਼ਨਰ ਨਗਰ ਨਿਗਮ ਬਠਿੰਡਾ ਨੂੰ ਸਮਰੱਥ ਅਥਾਰਟੀ ਨਿਯੁਕਤ ਕੀਤਾ ਗਿਆ ਹੈ। ਸੋ ਗਰੀਨ ਸਿਟੀ ਫੇਜ 3, ਗਰੀਨ ਪੈਲੇਸ ਰੋਡ, ਬਠਿੰਡਾ, ਕਲੋਨੀ ਨੂੰ ਪਾਰਸ਼ੀਅਲ ਟੇਕ ਓਵਰ ਕਰਨ ਦੀ ਪ੍ਰਵਾਨਗੀ ਸਮਰੱਥ ਅਥਾਰਟੀ-ਕਮ-ਕਮਿਸ਼ਨਰ ਨਗਰ ਨਿਗਮ, ਬਠਿੰਡਾ ਵਲੋਂ ਮਿਤੀ 24/12/2021 ਨੂੰ ਦਿੱਤੀ ਜਾ ਚੁੱਕੀ ਹੈ। ਇਸ ਕਲੋਨੀ ਨੂੰ ਟੇਕ ਓਵਰ ਕਰਨ ਸਬੰਧੀ ਜਾਣਕਾਰੀ ਨਗਰ ਨਿਗਮ ਹਾਊਸ ਦੇ ਧਿਆਨ ਵਿੱਚ ਲਿਆਉਣ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 91:** | **ਪ੍ਰਵਾਨ ਹੈ ਅਤੇ ਨੋਟ ਕੀਤਾ।** |

**ਏਜੰਡਾ ਨੰਬਰ 8 :**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ General Manager (p) PMIDC ਵੱਲੋਂ ਆਪਣੇ ਦਫਤਰੀ ਪੱਤਰ ਨੰ. PMIDC/PD/M(P)/2021-22/9619-20 ਮਿਤੀ 13.10.2021 ਰਾਹੀਂ ਲਿਖਿਆ ਗਿਆ ਹੈ ਕਿ ਪੰਜਾਬ ਸਰਕਾਰ ਵਲੋਂ ਔਰਤਾਂ ਦੀ ਸੁਰੱਖਿਆ ਵਾਸਤੇ ਕਈ ਕਦਮ ਚੁੱਕੇ ਗਏ ਹਨ, ਪਰੰਤੂ ਇਸ ਦੇ ਬਾਵਜੂਦ ਔਰਤਾਂ ਦੇ ਵਿਰੁਧ ਅਤਿਆਚਾਰ ਕਾਫੀ ਵੱਧ ਰਿਹਾ ਹੈ। ਵਿਸ਼ਵੀਕਰਨ ਕਾਰਨ ਪੜ੍ਹਿਆਂ ਲਿਖਿਆਂ ਔਰਤਾਂ ਇਸ ਸਮੇਂ ਸੋਸਾਇਟੀ ਵਿੱਚ ਮਰਦਾਂ ਨਾਲ ਹਰ ਖੇਤਰ ਵਿੱਚ ਬਰਾਬਰੀ ਤੇ ਕੰਮ ਕਰ ਰਹੀਆਂ ਹਨ। ਹੁਣ ਵੀ ਔਰਤਾਂ ਤੇ ਲੜਕੀਆਂ ਨਾਲ ਛੇੜਖਾਨੀ ਅਤੇ ਦੁਰਵਿਹਾਰ ਦੀਆਂ ਘਟਨਾਵਾਂ/ਵਾਰਦਾਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਹਾਲਾਤਾਂ ਕਾਰਨ ਕਈ ਔਰਤਾਂ ਜ਼ਰੂਰੀ ਸੇਵਾਵਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਇਨ੍ਹਾਂ ਹਾਲਾਤਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਵਲੋਂ ਨਿਰਭੈ ਫੰਡ ਸਥਾਪਿਤ ਕੀਤਾ ਗਿਆ ਹੈ ਜਿਸ ਰਾਹੀਂ ਔਰਤਾਂ ਦੀ ਸੁਰੱਖਿਆ ਵਾਸਤੇ ਸ਼ਹਿਰਾਂ ਵਿੱਚ Surveillance Infrastructure ਨੂੰ ਅਪਗਰੇਡ ਕਰਨ ਦਾ ਪ੍ਰਸਤਾਵ ਹੈ। ਇਸ ਵਾਸਤੇ ਰਾਜ ਸਰਕਾਰ ਵਲੋਂ "Punjab Urban Local Bodies Surveillance Grid for Women Safety (PUNGRID-WS)" ਸਕੀਮ ਬਣਾਈ ਗਈ ਹੈ ਜਿਸ ਅਧੀਨ ਸ਼ਹਿਰ ਦੀਆਂ ਉਨ੍ਹਾਂ ਥਾਂਵਾਂ ਤੇ ਜਿਥੇ ਔਰਤਾਂ ਦਾ ਆਉਣ ਜਾਣਾ ਜਿਆਦਾ ਹੈ, ਜਿਵੇਂ ਕਿ ਲੜਕੀਆਂ ਦਾ ਕਾਲਜ, University, ਵਿਦਿਅਕ ਅਦਾਰੇ, market places. ਇਨ੍ਹਾਂ ਥਾਵਾਂ ਤੇ ਸੀ.ਸੀ.ਟੀ.ਵੀ. surveillance ਕੈਮਰੇ ਲਗਾਏ ਜਾਣੇ ਹਨ। ਫੇਜ–1 ਅਧੀਨ 35 ULBs ਵਿੱਚ ਇਹ surveillance ਕੈਮਰੇ ਲਗਾਏ ਜਾਣ ਦੀ ਤਜਵੀਜ਼ ਹੈ ਜਿਸ ਵਿੱਚ **ਬਠਿੰਡਾ** ਸ਼ਹਿਰ ਵੀ ਸ਼ਾਮਲ ਹੈ। ਇਨ੍ਹਾਂ ਕੈਮਰਿਆਂ ਨੂੰ ਪੰਜਾਬ ਪੁਲਿਸ, ਵੱਖ ਵੱਖ law enforcement agencies ਅਤੇ ਰਾਜ ਸਰਕਾਰ ਅਥਾਰਟੀ ਵਲੋਂ ਨਿਗਰਾਨੀ ਕੀਤੀ ਜਾਵੇਗੀ, ਜਿਸ ਨਾਲ ਐਰਤਾਂ ਦੀ ਸੁਰੱਖਿਆ ਵਿੱਚ ਕਾਫੀ ਵਾਧਾ ਹੋਵੇਗਾ। ਨਿਰਭੇ ਫੰਡ ਅਧੀਨ ਭਾਰਤ ਸਰਕਾਰ ਵਲੋਂ ਰਾਜ ਸਰਕਾਰ ਦੇ ਇਸ ਪ੍ਰੋਜੈਕਟ ਤੇ 60 : 40 ਦੇ ਅਨੁਪਾਤ ਅਨੁਸਾਰ ਫੰਡ ਮੁਹੇਇਆ ਕਰਵਾਏ ਜਾਣਗੇ ਜਿਸ ਵਿੱਚ 60% ਭਾਰਤ ਸਰਕਾਰ ਅਤੇ 40% ਰਾਜ ਸਰਕਾਰ ਵਲੋਂ ਦਿੱਤੇ ਜਾਣਗੇ। ਇਸ ਨੂੰ ਮੁੱਖ ਰੱਖਦੇ ਹੋਏ ਗੈਰ–ਸਰਕਾਰੀ ਸੰਗਠਨਾਂ, ਹਿੱਸੇਦਾਰਾਂ ਅਤੇ ਪੁਲਿਸ ਵਿਭਾਗ ਨਾਲ ਵਿਚਾਰ–ਵਟਾਂਦਰਾ ਕਰਦੇ ਹੋਏ Detailed Project Report ਤਿਆਰ ਕੀਤੀ ਗਈ ਹੈ ਜਿਸ ਰਾਹੀਂ **ਬਠਿੰਡਾ** ਸ਼ਹਿਰ ਵਿੱਚ 200 Nos. (160 fixed + 40 PTZ) Surveillance ਕੈਮਰੇ ਜਿਨ੍ਹਾਂ ਦੀ ਕੁਲ ਲਾਗਤ 7.87 ਕਰੋੜ ਰੁਪਏ (capex + opex) ਹੈ, ਲਗਾਏ ਜਾਣ ਦੀ ਤਜਵੀਜ਼ ਹੈ। ਉੱਕਤ ਕੇਸ ਮਾਨਯੋਗ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 92:** | **ਪ੍ਰਵਾਨ ਹੈ।** |

**ਏਜੰਡਾ ਨੰਬਰ 9 :**

ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਹੁਕਮ ਪਿੱਠ ਅੰਕਣ ਨੰ: ਭਰਤੀ ਸੈਲ-ਡਸਸ-2021/542 ਮਿਤੀ 16.12.2021, ਪਿੱਠ ਅੰਕਣ ਨੰ: ਭਰਤੀ ਸੈਲ-ਡਸਸ-2021/546 ਮਿਤੀ 16.12.2021 ਅਤੇ ਪਿੱਠ ਅੰਕਣ ਨੰ: ਭਰਤੀ ਸੈਲ-ਡਸਸ-2021/548 ਮਿਤੀ 16.12.2021 ਰਾਹੀਂ ਹੇਠ ਲਿਖੇ ਅਨੁਸਾਰ ਵੱਖ-ਵੱਖ ਨਗਰ ਨਿਗਮਾਂ ਤੋਂ ਨਗਰ ਨਿਗਮ ਬਠਿੰਡਾ ਵਿਖੇ ਬਦਲੀ ਨਗਰ ਨਿਗਮ ਬਠਿੰਡਾ ਵਿਖੇ ਇਸ ਸ਼ਰਤ ਤੇ ਕੀਤੀ ਗਈ ਹੈ ਕਿ ਹਾਊਸ ਨਗਰ ਨਿਗਮ ਵੱਲੋਂ ਇਸਦੀ ਕਾਰਜ ਬਾਅਦ ਪ੍ਰਵਾਨਗੀ ਮਤੇ ਦੇ ਰੂਪ ਵਿੱਚ ਦਿੱਤੀ ਜਾਵੇਗੀ। ਇੰਨ੍ਹਾਂ ਹੁਕਮਾਂ ਦੀ ਪਾਲਣਾਂ ਹਿੱਤ ਕਰਮਚਾਰੀਆਂ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕੀਤੀ ਹੈ।

| ਲੜੀ ਨੰ: | ਕਰਮਚਾਰੀ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਮੌਜੂਦਾ ਤੈਨਾਤੀ ਦਾ ਸਥਾਨ | ਬਦਲੀ ਉਪਰੰਤ ਤੈਨਾਤੀ ਦਾ ਸਥਾਨ |
|---|---|---|---|
| 1 | ਸਵੀਟੀ ਪੁੱਤਰੀ ਸ਼੍ਰੀ ਦੀਪਕ ਕੁਮਾਰ, ਸਫਾਈ ਸੇਵਿਕਾ | ਨਗਰ ਨਿਗਮ, ਲੁਧਿਆਣਾ | ਨਗਰ ਨਿਗਮ, ਬਠਿੰਡਾ |
| 2 | ਜਗਮੀਤ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ, ਬੇਲਦਾਰ | ਨਗਰ ਨਿਗਮ, ਲੁਧਿਆਣਾ | ਨਗਰ ਨਿਗਮ,ਬਠਿੰਡਾ |
| 3 | ਰਿੰਪੀ ਕੋਰ ਪੁੱਤਰੀ ਸ਼੍ਰੀ ਮੇਜਰ ਸਿੰਘ,ਬੇਲਦਾਰ | ਨਗਰ ਨਿਗਮ, ਅੰਮ੍ਰਿਤਸਰ | ਨਗਰ ਨਿਗਮ, ਬਠਿੰਡਾ |

ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 93:** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਸ ਪ੍ਰਵਾਨਗੀ ਨੂੰ ਭੱਵਿਖ ਵਿੱਚ precedent ਦੇ ਤੋਰ ਤੇ ਨਾ ਸਮਝਿਆ ਜਾਵੇ।** |

**ਏਜੰਡਾ ਨੰਬਰ 10 :**

ਰਿਪੋਰਟ ਰੈਂਟ ਸ਼ਾਖਾ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ,ਚੰਡੀਗੜ੍ਹ ਵੱਲੋਂ ਆਪਣੇ ਨੋਟੀਫਿਕੇਸ਼ਨ ਨੰ.2/2/2020-1ਸਸ3/2393-2399 ਮਿਤੀ 09-09-2020 ਰਾਹੀਂ ਰੈਂਟ ਫਿਕਸ਼ੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਹੈ।ਜਿਸਦੇ ਉਪਬੰਧ ਅਨੁਸਾਰ ਨਗਰ ਨਿਗਮ,ਬਠਿੰਡਾ ਦੀਆਂ ਜਾਇਦਾਦਾਂ/ਦੁਕਾਨਾਂ ਦੇ ਰੇਟ ਫਿਕਸ ਕਰਨ ਲਈ ਮਿਤੀ 14-12-2021 ਨੂੰ ਦੁਪਹਿਰ 12:00 ਵਜੇ ਦਫਤਰ ਡਿਪਟੀ ਕਮਿਸ਼ਨਰ,ਬਠਿੰਡਾ ਵਿੱਖੇ ਮੀਟਿੰਗ ਬੁਲਾਈ ਗਈ।ਮਾਨਯੋਗ ਕਮਿਸ਼ਨਰ ਨਗਰ ਨਿਗਮ,ਬਠਿੰਡਾ ਵੱਲੋਂ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਨਗਰ ਨਿਗਮ,ਬਠਿੰਡਾ ਦੀਆਂ ਪ੍ਰਾਪਰਟੀਆਂ, ਪਿਛਲੇ 12 ਸਾਲਾਂ ਤੋਂ ਕਿਰਾਏਦਾਰ/ਕਾਬਜ਼ਕਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ***The Punjab Management & Transfer of Municipal Property Act,2020 (Punjab Act No.8 of 2020)*** ਅਨੁਸਾਰ ਪ੍ਰਾਈਜ਼ ਐਂਡ ਰੈਂਟ ਫਿਕਸੇਸ਼ਨ ਕਮੇਟੀ ਵੱਲੋਂ ਰੈਂਟ ਫਿਕਸ ਕਰਕੇ ਮਲਕਾਨਾਂ ਹੱਕ ਦੇਣ ਦੀ ਤਜਵੀਜ਼ ਹੈ।ਇਸ ਤਰ੍ਹਾਂ ਕਮਿਸ਼ਨਰ ਨਗਰ ਨਿਗਮ,ਬਠਿੰਡਾ ਵੱਲੋਂ ਇਹਨਾਂ ਪ੍ਰਾਪਰਟੀਆਂ ਦੇ ਰੇਟ ਫਿਕਸ ਕਰਨ ਲਈ ਬੇਨਤੀ ਕੀਤੀ ਹੈ।

ਤਹਿਸੀਲਦਾਰ ਬਠਿੰਡਾ ਨੇ ਆਪਣੇ ਦਫਤਰ ਦੇ ਪੱਤਰ ਨੰ.2888/ਤਹਿ ਮਿਤੀ 14-12-2021 ਰਾਹੀਂ ਰਿਪੋਰਟ ਪੇਸ਼ ਕੀਤੀ ਕਿ ਰਕਬਾ ਸਰਕਾਰੀ ਹੋਣ ਕਾਰਣ ਇਸ ਦੀਆਂ ਰਜਿਸਟਰੀਆਂ ਉਹਨਾਂ ਦੇ ਦਫਤਰ ਵਿਖੇ ਤਸਦੀਕ ਹੋਣੀਆਂ ਨਹੀਂ ਪਾਈਆਂ ਗਈਆਂ।ਇਸ ਲਈ ਉਹਨਾਂ ਵੱਲੋਂ ਮੀਟਿੰਗ ਦੌਰਾਨ ਨਗਰ ਨਿਗਮ ਦੀ ਮਾਲਕੀ ਵਾਲੀਆਂ ਪ੍ਰਾਪਰਟੀਆਂ ਦੇ ਨਾਲ ਲੱਗਦੀਆਂ ਪ੍ਰਾਪਰਟੀਆਂ ਦੇ ਕੁਲੈਕਟਰ ਰੇਟ ਪੇਸ਼ ਕੀਤੇ ਗਏ ਜੋ ਹੇਠ ਲਿਖੇ ਅਨੁਸਾਰ ਹਨ:-

| **ਲੜੀ ਨੰ.** | **ਮਾਰਕੀਟ ਦਾ ਨਾਮ** | **ਕੁਲੈਕਟਰ ਰੇਟ (ਪ੍ਰਤੀ ਵਰਗ ਗਜ)** |
|---|---|---|
| 1. | ਅਨਾਜ ਮੰਡੀ ਮਾਰਕੀਟ,ਮੁਲਤਾਨੀਆਂ ਓਵਰ ਬ੍ਰਿਜ ਰੋਡ | 18000/- |
| 2. | ਸੀ.ਆਈ. ਸਟਾਫ ਦੇ ਨਾਲ ਵਾਲੀ ਮਾਰਕੀਟ | 10000/- |
| 3. | ਮੁੱਹਲਾ ਘੁਮਿਆਰਾਂ ਵਾਲਾ | 7000/- |
| 4. | ਸਰਕਾਰੀ ਖੂਹ ਮਾਰਕੀਟ | 7000/- |
| 5. | ਬੈਕ ਸਾਈਡ ਨਵਾਂ ਬੱਸ ਅੱਡਾ | 30000/- |
| 6. | ਪੁਰਾਣਾ ਬੱਸ ਅੱਡਾ ਮਾਰਕੀਟ (ਫੌਜੀ ਚੌਕ) | 30000/- |
| 7. | ਸ਼ਹੀਦ ਭਗਤ ਸਿੰਘ ਮਾਰਕੀਟ (ਸਪੋਰਟਸ ਮਾਰਕੀਟ) | 20000/- |
| 8. | ਫਾਇਰ ਸਟੇਸ਼ਨ ਮਾਰਕੀਟ | 35600/- |
| 9. | ਸੁਭਾਸ਼ ਮਾਰਕੀਟ | 55000/- |
| 10. | ਐਮ.ਸੀ. ਦਫਤਰ ਨੇੜੇ ਮਾਰਕੀਟ | 18000/- |
| 11. | ਸ਼ਹੀਦ ਉਧਮ ਸਿੰਘ ਮਾਰਕੀਟ | 20000/- |
| 12. | ਰੇਲਵੇ ਸਟੇਸ਼ਨ ਦੇ ਸਾਹਮਣੇ | 60000/- |
| 13. | ਸ਼ਾੱਪ ਕਮ ਫਲੈਟ,ਗਾਂਧੀ ਮਾਰਕੀਟ | 30000/- |
| 14. | ਸੌ-ਰੂਮ ਕਮ ਆਫਿਸ,ਗਾਂਧੀ ਮਾਰਕੀਟ | 30000/- |
| 15. | ਗਾਂਧੀ ਮਾਰਕੀਟ | 30000/- |
| 16 | ਮਾਲ ਰੋਡ ਮਾਰਕੀਟ | 60000/- |
| 17. | ਚੂਬਾਰੇ ਮਾਲ ਰੋਡ | 60000/- |
| 18. | ਮੱਛੀ ਮਾਰਕੀਟ | 23000/- |
| 19. | ਚੂਬਾਰੇ ਮੱਛੀ ਮਾਰਕੀਟ | 23000/- |
| 20. | ਪੁਰਾਣਾ ਹਸਪਤਾਲ ਗੇਟ ਮਾਰਕੀਟ | 23000/- |
| 21. | ਗੋਲ ਡਿੱਗੀ ਮਾਰਕੀਟ | 45000/- |
| 22. | ਮੀਟ ਮਾਰਕੀਟ | 8000/- |

ਇਹਨਾਂ ਪ੍ਰਾਪਰਟੀਆਂ ਦੀਆਂ ਰਜਿਸਟਰੀਆਂ ਨਾ ਹੋਣ ਕਾਰਣ ਛਾਂਟ ਰੇਟ ਤਿਆਰ ਨਹੀ ਹੋ ਸਕਦੇ।ਸੋ ਇਸ ਸਬੰਧੀ ਤਹਿਸੀਲਦਾਰ ਬਠਿੰਡਾ ਵੱਲੋਂ ਆਸ ਪਾਸ ਦੇ ਇਲਾਕੇ ਦੀਆਂ ਹੋਈਆਂ ਰਜਿਸਟਰੀਆਂ ਅਨੁਸਾਰ ਛਾਂਟ ਰੇਟ ਪੇਸ਼ ਕੀਤੇ ਗਏ ਜੋ ਕਿ ਨਿਗਮ ਦੀਆਂ ਪ੍ਰਾਪਰਟੀਆਂ ਲਈ ਢੁੱਕਵੇਂ ਨਹੀਂ ਹਨ।ਇਸ ਲਈ ***The Punjab Management & Transfer of Municipal Property Act,2020 (Punjab Act No.8 of 2020)*** ਮੁਤਾਬਿਕ ਸਰਵ ਸਮੰਤੀ ਨਾਲ ਫੈਸਲਾ ਲਿਆ ਗਿਆ ਕਿ ਨਿਗਮ ਦੀਆਂ ਵੇਚਣ ਵਾਲੀਆਂ ਦੁਕਾਨਾਂ ਦੇ ਰੇਟ ਉਕਤ ਕੁਲੈਕਟਰ ਰੇਟ ਅਨੁਸਾਰ ਫਿਕਸ ਕੀਤੇ ਜਾਂਦੇ ਹਨ।

ਇਸ ਤੋਂ ਇਲਾਵਾ ਮੀਟਿੰਗ ਮਿਤੀ 10-12-2021 ਵਿੱਚ ਹੋਏ ਫੈਸਲੇ ਅਨੁਸਾਰ ਨਗਰ ਨਿਗਮ,ਬਠਿੰਡਾ ਦੀ ਇੰਜੀਨਿਅਰਿੰਗ ਵਿੰਗ ਵੱਲੋਂ ਨਿਗਮ ਦੀਆਂ ਬਣੀਆਂ ਦੁਕਾਨਾਂ ਦੀ ਕੰਸਟਰਕਸ਼ਨ ਕਾਸਟ ਨਿਰਧਾਰਿਤ ਕਰਨ ਸਬੰਧੀ PWD, B&R ਨਾਲ ਤਾਲਮੇਲ ਕੀਤਾ ਗਿਆ।ਉਹਨਾਂ ਵੱਲੋਂ Plinth/Covered Area ਦੇ ਹਿਸਾਬ ਨਾਲ Rough Cost ਲਈ ਜਾਰੀ ਪੱਤਰ ਮੀਮੋ ਨੰ.;711/ਇ/ਚੰਡੀ/ ਮਿਤੀ 06-08-2020 ਵੱਲੋਂ ਮੁੱਖ ਇੰਜੀਨਿਅਰ (ਨਾਰਥ)-ਕਮ-ਨੋਡਲ ਅਫਸਰ ਇਮਾਰਤਾ ਪੇਸ਼ ਕੀਤਾ ਗਿਆ ਜਿਸ ਅਨੁਸਾਰ ਪ੍ਰਤੀ ਵਰਗ ਫੁੱਟ ਕਾਸਟ 1363/- ਰੁਪਏ ਬਣਦੀ ਹੈ।ਬਿਲਡਿੰਗ ਦੀ ਲਾਇਫ 50 ਸਾਲ ਮੰਨਦੇ ਹੋਏ ਅਤੇ ਬਣੇ ਹੋਏ ਨੂੰ 30 ਸਾਲ ਮੰਨਦੇ ਹੋਏ 1363 X 20/50 = 545/-ਰੁਪਏ ਵਰਗ ਫੁੱਟ ਮੌਜੂਦਾ ਕੰਸਟਰਕਸ਼ਨ ਕਾਸਟ ਬਣਦੀ ਹੈ।ਇਸ ਤੋਂ ਇਲਾਵਾ ਜੋ ਦੁਕਾਨਾਂ ਦੋ ਮੰਜਿਲ ਬਣੀਆਂ ਹੋਈਆਂ ਹਨ ਉਹਨਾਂ ਦੀ ਉਪਰਲੀ ਮੰਜਿਲ ਦੀ ਕੀਮਤ (966+124) X 20/50 = 436/- ਰੁਪਏ ਵਰਗ ਫੁੱਟ ਹੈ।ਇਸ ਲਈ ਮੁੱਖ ਇੰਜੀਨਿਅਰ (ਨਾਰਥ)-ਕਮ-ਨੋਡਲ ਅਫਸਰ ਦੀ ਰਿਪੋਰਟ ਨੂੰ ਸਹੀ ਮੰਨਦੇ ਹੋਏ ਕੰਸਟਰਕਸ਼ਨ ਕਾਸਟ 545/- ਰੁਪਏ ਵਰਗ ਫੁੱਟ ਅਤੇ ਦੋ ਮੰਜਿਲ ਦੁਕਾਨਾਂ ਦੀ ਕੀਮਤ 436/- ਰੁਪਏ ਵਰਗ ਫੁੱਟ ਪ੍ਰਾਇਜ਼ ਐਂਡ ਰੈਂਟ ਫਿਕਸੇਸ਼ਨ ਕਮੇਟੀ ਵੱਲੋਂ ਨਿਰਤਾਰਿਤ ਕੀਤੀ ਗਈ ਹੈ।ਰਿਪੋਰਟ ਹਾਊਸ ਦੇ ਵਿਚਾਰ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 94:** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚ ਸਿੰਗਲ ਸਟੋਰੀ ਦੁਕਾਨਾਂ ਦੇ ਛੱਤਾਂ ਸਮੇਤ ਮਾਲਕਾਨਾਂ ਹੱਕ ਦਿੱਤੇ ਜਾਣ। ਇਸਤੋਂ ਇਲਾਵਾ ਜਿਲ੍ਹਾ ਕੂਲੈਕਟਰ, ਬਠਿੰਡਾ ਵੱਲੋਂ ਤੈਅ ਕੀਤੀਆਂ ਜਰੂਰੀ ਸ਼ਰਤਾਂ ਅਨੁਸਾਰ ਮਲਟੀਸਟੋਰੀ ਬਿਲਡਿੰਗ ਦਾ ਫਲੋਰ ਵਾਇਜ਼ ਕੂਲੈਕਟਰ ਰੇਟ ਵਸੀਕੇ ਤੇ ਗਰਾਊਂਡ ਫਲੋਰ ਕੂਲੈਕਟਰ ਰੇਟ ਦਾ 60%, ਫਸਟ ਫਲੋਰ ਕੂਲੈਕਟਰ ਰੇਟ ਦਾ 45%, ਸੈਕੰਡ ਫਲੋਰ ਕੂਲੈਕਟਰ ਰੇਟ ਦਾ 35%, ਥਰਡ ਫਲੋਰ ਅਤੇ ਇਸਤੋਂ ਉਪਰ ਕੂਲੈਕਟਰ ਰੇਟ ਦਾ 25% ਹੋਵੇਗਾ।** |

**ਏਜੰਡਾ ਨੰਬਰ 11 :**

ਰਿਪੋਰਟ ਰੈਂਟ ਸ਼ਾਖਾ ਕਿ ਨਿਗਮ ਵੱਲੋਂ ਮਿਤੀ 06.11.2018 ਤੋਂ 05.11.2021 ਤੱਕ 3 ਸਾਲ ਲਈ ਪਾਰਕਿੰਗ ਦਾ ਠੇਕਾ ਸ਼੍ਰੀ ਮਹਿੰਦਰਪਾਲ ਬਾਂਸਲ ਪੁੱਤਰ ਸੱਤਪਾਲ ਬਠਿੰਡਾ ਨੂੰ ਦਿੱਤਾ ਹੋਇਆ ਹੈ। ਠੇਕੇਦਾਰ ਵੱਲ ਮਿਤੀ 15.06.2021 ਤੋਂ 05.11.2021 ਤੱਕ ਮੁਬਲਿਗ 80756/- ਰੁਪਏ ਦੀ ਕਿਸ਼ਤ ਡਿਊ ਹੈ। ਕਿਸ਼ਤ ਭਰਨ ਸਬੰਧੀ ਠੇਕੇਦਾਰ ਨੂੰ ਪੱਤਰ ਨੰ: 33/AS ਮਿਤੀ 24.08.2021 ਰਾਹੀਂ ਲਿਖਿਆ ਗਿਆ ਸੀ। ਇਸਤੋਂ ਇਲਾਵਾ ਮੋਬਾਇਲ ਰਾਹੀਂ ਅਤੇ ਜੁਬਾਨੀ ਵੀ ਕਿਸ਼ਤ ਭਰਨ ਲਈ ਕਿਹਾ ਗਿਆ ਸੀ। ਪਰ ਠੇਕੇਦਾਰ ਵੱਲੋਂ ਕਿਸ਼ਤ ਨਹੀਂ ਜਮ੍ਹਾਂ ਕਰਵਾਈ ਗਈ। ਠੇਕੇਦਾਰ ਨੂੰ ਬਣਦੀ ਰਕਮ ਮੁਬਲਿਗ 80756/- ਰੁਪਏ ਭਰਨ ਲਈ ਨੋਟਿਸ ਨੰਬਰ 39/AS ਮਿਤੀ 15.09.2021 ਰਾਹੀਂ ਜਾਰੀ ਕੀਤਾ ਗਿਆ ਸੀ। ਜਿਸਤੇ ਠੇਕੇਦਾਰ ਵੱਲੋਂ 80756/- ਰੁਪਏ ਜੀ-8 ਨੰਬਰ 71/1217-45000/-, ਜੀ-8 ਨੰਬਰ 73/1217-15756/-, ਜੀ-8 ਨੰਬਰ 75/1217-20000/- ਰੁਪਏ ਜਮ੍ਹਾਂ ਕਰਵਾ ਦਿੱਤੇ ਗਏ ਹਨ। ਨੋਟਿਸ ਦੇ ਕਾਲਮ ਨੰਬਰ 2 ਵਿੱਚ 40% (121230/-) ਜੋ ਲੈਸ ਕੀਤਾ ਗਿਆ ਹੈ, ਉਹ ਜੋਗਰ ਪਾਰਕ ਦੀ ਪਾਰਕਿੰਗ ਬੰਦ ਰਹਿਣ ਕਰਕੇ ਅਤੇ ਮਿਤੀ 27.08.2021 ਨੂੰ ਮੌਕਾ/ਮਲ੍ਹਾਜਾ ਕਰਨ ਉਪਰੰਤ ਕੀਤਾ ਗਿਆ ਹੈ। ਸਬੂਤ ਵੱਜੋਂ ਕਮਿਸ਼ਨਰ ਸਾਹਿਬ ਦੇ ਹੁਕਮਾਂ ਸਬੰਧੀ ਬੋਰਡ ਅਤੇ ਪਾਰਕਿੰਗ ਦੀਆਂ ਫੋਟੋਆਂ ਨਾਲ ਨੱਥੀ ਹਨ। ਇਸ ਸਬੰਧੀ ਰਿਪੋਰਟ ਨਿਗਮ ਦੀ ਹਾਊਸ ਮੀਟਿੰਗ ਵਿੱਚ ਵਿਚਾਰ ਹਿੱਤ ਏਜੰਡਾ ਨੰਬਰ 14 ਮਿਤੀ 25.11.2021 ਰਾਹੀਨ ਭੇਜੀ ਗਈ। ਹਾਊਸ ਵੱਲੋਂ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ। ਇਸਤੋਂ ਇਲਾਵਾ ਰੋਜ਼ ਗਾਰਡਨ ਅਤੇ ਜੋਗਰ ਪਾਰਕ ਦੀ ਪਾਰਕਿੰਗ ਦਾ ਨਵਾਂ ਠੇਕਾ ਨਿਗਮ ਦੀ ਐਫ.ਐਂਡ ਸੀ.ਸੀ. ਵੱਲੋਂ 40% ਘਟਾ ਕੇ ਮੁਬਲਿਗ 381000/- ਰੁਪਏ ਮਤਾ ਨੰਬਰ 287 ਮਿਤੀ 10.11.2021 ਰਾਹੀਂ ਪ੍ਰਵਾਨ ਕਰ ਲਿਆ ਗਿਆ ਸੀ। ਸੋ, ਪਿਛਲੇ ਠੇਕੇ ਵਿੱਚੋਂ 40% ਮੁਆਫੀ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ। ਇਸ ਸਬੰਧੀ ਸੁਪਰਡੈਂਟ, ਨਗਰ ਨਿਗਮ ਬਠਿੰਡਾ ਨੇ ਪਾਰਕਿੰਗ ਸਪੇਸ ਘਟਾਉਣ ਕਰਕੇ 40% ਰਕਮ ਮੁਬਲਿਗ 121230/- ਰੁਪਏ ਮੁਆਫ ਕਰਨ ਹਿੱਤ ਰਿਪੋਰਟ ਕੀਤੀ ਹੈ।

ਉਕਤ ਸਬੰਧੀ ਸਕੱਤਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਉਕਤ ਰਿਪੋਰਟ ਵਿਸਥਾਰਪੂਰਵਕ ਹੈ। ਜੋਗਰ ਪਾਰਕ ਦੀ ਪਾਰਕਿੰਗ ਦਿਨ ਦੇ ਸਮੇਂ ਬੰਦ ਰੱਖਣ ਕਾਰਨ 40% ਲੈਸ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 95:** | **ਪ੍ਰਵਾਨ ਹੈ।** |

**ਏਜੰਡਾ ਨੰਬਰ 12 :**

ਰਿਪੋਰਟ ਸਟੋਰਕੀਪਰ ਕਿ ਮਿਤੀ 15.10.2021 ਨੂੰ ਲਾਇਨੋਪਾਰ ਏਰੀਏ ਵਿਖੇ ਬਣੇ ਰੇਲਵੇ ਗਰਾਊਂਡ ਵਿੱਚ ਦੁਸ਼ਹਿਰਾ ਦਾ ਪਵਿਤਰ ਦਿਹਾੜਾ ਮਨਾਉਣ ਲਈ ਸ਼੍ਰੀ ਚਰਨਤਜੀਤ ਸਿੰਘ ਚੰਨੀ, ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਆਏ ਸਨ। ਇਸ ਮੌਕੇ ਆਮ ਪਬਲਿਕ ਦੇ ਬੈਠਣ ਲਈ ਕੁਰਸੀਆਂ, ਮੇਜ਼ਾਂ ਅਤੇ ਸਨੈਕਸ ਦਾ ਪ੍ਰਬੰਧ ਨਗਰ ਨਿਗਮ ਵੱਲੋਂ ਕੀਤਾ ਗਿਆ ਸੀ। ਸਾਰੇ ਸ਼ਹਿਰ ਵਿੱਚ ਲੜੀਆਂ ਵੀ ਲਗਾਈਆਂ ਗਈਆਂ ਸਨ। ਇਹ ਸਾਰੇ ਪ੍ਰਬੰਧ ਕਰਨ ਤੇ ਤਕਰੀਬਨ 5.25 ਲੱਖ ਰੁਪਏ ਖਰਚਾ ਆਇਆ ਹੈ। ਇਸਨੂੰ ਖਰਚ ਕਰਨ ਦੇ

ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਦੇਣ ਅਤੇ ਇਸ ਖਰਚੇ ਨੂੰ ਫਿੱਟ ਚਾਰਜ਼ਜ਼ ਘੋਸ਼ਿਤ ਕਰਨ ਲਈ ਕੇਸ ਸਰਕਾਰ ਪਾਸ ਭੇਜਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| **ਮਤਾ ਨੰਬਰ 96:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 13 :**

ਰਿਪੋਰਟ ਸਟੋਰਕੀਪਰ ਕਿ ਹਾਊਸ ਵੱਲੋਂ ਹਦਾਇਤ ਹੋਈ ਸੀ ਕਿ ਮਾਲ ਰੋਡ ਤੇ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ ਖਾਲੀ ਪਈ ਪਾਰਕਿੰਗ ਵਾਲੀ ਜਗ੍ਹਾ ਵਿੱਚ ਰਾਮਲੀਲਾ ਧੂਮਧਾਮ ਨਾਲ ਮਨਾਈ ਜਾਵੇ। ਇਸ ਮੌਕੇ ਆਮ ਪਬਲਿਕ ਦੇ ਬੈਠਣ ਲਈ ਕੁਰਸੀਆਂ, ਮੇਜ਼ਾਂ ਅਤੇ ਸਨੈਕਸ ਦਾ ਪ੍ਰਬੰਧ ਨਗਰ ਨਿਗਮ ਵੱਲੋਂ ਕੀਤਾ ਗਿਆ ਸੀ। ਸਾਰੇ ਸ਼ਹਿਰ ਵਿੱਚ ਲੜੀਆਂ ਵੀ ਲਗਾਈਆਂ ਗਈਆਂ ਸਨ। ਇਹ ਸਾਰੇ ਪ੍ਰਬੰਧ ਕਰਨ ਤੇ ਤਕਰੀਬਨ 3.50 ਲੱਖ ਰੁਪਏ ਖਰਚਾ ਆਇਆ ਹੈ। ਇਸਨੂੰ ਖਰਚ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਦੇਣ ਅਤੇ ਇਸ ਖਰਚੇ ਨੂੰ ਫਿੱਟ ਚਾਰਜ਼ਜ਼ ਘੋਸ਼ਿਤ ਕਰਨ ਲਈ ਕੇਸ ਸਰਕਾਰ ਪਾਸ ਭੇਜਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| **ਮਤਾ ਨੰਬਰ 97:** | **ਪ੍ਰਵਾਨ ਹੈ।** |
|---|---|

**ਏਜੰਡਾ ਨੰਬਰ 14 :**

ਦਫਤਰੀ ਰਿਪੋਰਟ ਕਿ ਸ਼੍ਰੀ ਸੁਖਪਾਲ ਸਿੰਘ ਪੁੱਤਰ ਨਛੱਤਰ ਸਿੰਘ ਸਫਾਈ ਸੇਵਕ ਵੱਲੋਂ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਆਪਣੇਂ ਪੱਤਰ 6925 ਮਿਤੀ 07.12.2021 ਰਾਹੀਂ ਬੇਨਤੀ ਕੀਤੀ ਹੈ ਕਿ ਉਸ ਦੀ ਭਰਤੀ ਮਿਤੀ 28.12.2016 ਨੂੰ ਨੇਤਰਹੀਨ ਕੋਟੇ ਅਧੀਨ ਨਗਰ ਨਿਗਮ ਬਠਿੰਡਾ ਵਿਖੇ ਹੋਈ ਸੀ । ਉਸ ਸਮੇਂ ਤੋਂ ਕਰਮਚਾਰੀ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਤੈਨਾਤ ਹੈ । ਜਦ ਕਿ ਕਰਮਚਾਰੀ ਦਾ ਮੁਢਲਾ ਪਿੰਡ ਫਰਵਾਹੀ ਜਿਲ੍ਹਾ ਬਰਨਾਲਾ ਹੈ । ਕਰਮਚਾਰੀ ਆਪਣੇ ਮਾਤਾ – ਪਿਤਾ ਦੀ ਇਕੱਲੀ ਸੰਤਾਨ ਹੈ, ਜਿਸ ਕਰਕੇ ਕਰਮਚਾਰੀ ਨੂੰ ਆਪਣੇ ਮਾਤਾ – ਪਿਤਾ ਦੀ ਦੇਖਭਾਲ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ । ਕਰਮਚਾਰੀ ਵੱਲੋਂ ਸੰਯੁਕਤ ਸਕੱਤਰ , ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਜੀ ਨੂੰ ਪੱਤਰ ਨੰ. 3172 ਮਿਤੀ 29.11.2021 ਰਾਹੀਂ ਬੇਨਤੀ ਕੀਤੀ ਗਈ ਸੀ ਕਿ ਉਸ ਦੀ ਬਦਲੀ ਨੇਤਰਹੀਨ ਹੋਣ ਕਰਕੇ ਨਗਰ ਨਿਗਮ ਬਠਿੰਡਾ ਤੋਂ ਨਗਰ ਕੌਂਸਲ ਬਰਨਾਲਾ ਵਿਖੇ ਕੀਤੀ ਜਾਵੇ । ਜਿਸ ਦੇ ਸਬੰਧ ਵਿੱਚ ਡਾਇਰੈਕਟਰ ਸਥਾਨਕ ਸਰਕਾਰ , ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ. ਸ3-ਡਸਸ-ਮਸਸ-( MIS) - 2021 / 47663 ਮਿਤੀ 07.12.2021 ਰਾਹੀਂ ਇਹ ਕਿਹਾ ਗਿਆ ਹੈ ਕਿ ਸਫਾਈ ਸੇਵਕ ਦੀ ਅਸ਼ਾਮੀ ਗੈਰ ਪ੍ਰਾਂਤੀਕਰਨ ਕਾਡਰ ਦੀ ਹੈ । ਜੇਕਰ ਨਗਰ ਨਿਗਮ ਬਠਿੰਡਾ ਅਤੇ ਨਗਰ ਕੌਂਸਲ ਬਰਨਾਲਾ ਕਰਮਚਾਰੀ ਦੀ ਪ੍ਰਤੀ ਬੇਨਤੀ ਨੂੰ ਮੁੱਖ ਰੱਖਕੇ ਹਾਊਸ ਵਿੱਚ ਮਤਾ ਪਾ ਕੇ ਸਹਿਮਤੀ ਦਿੰਦੇ ਹਨ ਤਾਂ ਕਰਮਚਾਰੀ ਦੀ ਬਦਲੀ ਹੋ ਸਕਦੀ ਹੈ ।

ਇੱਥੇ ਨਾਲ ਹੀ ਇਹ ਵੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਜੀ ਦੇ ਆਪਣੇ ਪੱਤਰ ਨੰ. ਡਿ-ਸ਼ਾਖਾ-(ਸਸ)-2021 / 645 ਮਿਤੀ 20 ਸਤੰਬਰ 2021 ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਦਿਵਿਆਗਜਨ / ਨੇਤਰਹੀਨ, ਸਰਕਾਰੀ ਅਧਿਕਾਰੀਆਂ / ਕਰਮਚਾਰੀਆਂ ਦੀ ਬਦਲੀ / ਤੈਨਾਤੀ ਸਮੇਂ ਨਿਯਮਾਂ ਅਨੁਸਾਰ ਵਾਚਣ ਉਪਰੰਤ ਘਰ ਦੇ ਨੇੜਲੇ ਸਟੇਸ਼ਨਾਂ ਤੇ ਤੈਨਾਤ ਕੀਤਾ ਜਾਵੇ ।
ਸੋ ਉਕਤ ਨੂੰ ਮੁੱਖ ਰੱਖਦੇ ਹੋਏ ਕਰਮਚਾਰੀ ਦੀ ਬਦਲੀ ਨਗਰ ਨਿਗਮ ਬਠਿੰਡਾ ਤੋਂ ਨਗਰ ਕੌਂਸਲ ਬਰਨਾਲਾ ਵਿਖੇ ਕਰਨ ਲਈ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

| **ਮਤਾ ਨੰਬਰ 98:** | **ਪ੍ਰਵਾਨ ਹੈ।** |
|---|---|

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:

**ਏਜੰਡਾ ਨੰਬਰ 1 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਪੰਜਾਬ ਸਰਕਾਰ ਵੱਲੋਂ ਮਿਤੀ 01/04/2020 ਨੂੰ THE PUNJAB MANAGEMENT AND TRANSFER OF MUNICIPAL PROPERTIES ACT 2020 ਲਾਗੂ ਕੀਤਾ ਗਿਆ ਹੈ ਕਿ ਜਿਹੜੇ ਵਿਅਕਤੀ ਨਗਰ ਨਿਗਮ ਬਠਿੰਡਾ ਦੀਆਂ ਜਾਇਦਾਦਾਂ ਤੇ 12 ਸਾਲ ਤੋਂ ਕਿਰਾਏਦਾਰ/ਕਾਬਜਕਾਰ ਹਨ, ਉਹਨਾਂ ਨੂੰ ਇਹਨਾਂ ਜਾਇਦਾਦਾਂ ਤੇ ਮਾਲਕਾਨਾ ਹੱਕ ਦੇ ਦਿੱਤੇ ਜਾਣ। ਇਸ ਐਕਟ ਦੇ ਸੈਕਸ਼ਨ 20 ਤਹਿਤ ਪੰਜਾਬ ਸਰਕਾਰ ਵੱਲੋਂ ਮਿਤੀ 22/10/2021 ਨੂੰ ਰੂਲਜ ਸਬੰਧੀ ਗਜਟ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਹਨਾਂ ਰੂਲਜ ਦੇ ਚੈਪਟਰ ਨੰ. 1 (g) ਵਿੱਚ ਵਰਣਨ ਹੈ ਕਿ "Land and building owned by a Municipality" means the properties vested in the Municipalities under the Punjab Municipal Act, 1911 or the Punjab Municipal Corporation Act, 1976 or the Punjab Town Improvement Act, 1922. ਇਸ ਅਨੁਸਾਰ ਨਗਰ

ਨਿਗਮ ਦੇ ਨਾਮ ਬਿਲਟ-ਅੱਪ ਸ਼ਾਮਲਾਤ ਪ੍ਰਾਪਰਟੀਆਂ/ਜਾਇਦਾਦਾ ਨੂੰ ਡਿਸਪੋਜ ਆਫ ਕਰਨ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ 25/11/2021 ਵਿੱਚ ਰੱਖੀ ਗਈ ਸੀ। ਇਹ ਸਬੰਧੀ ਨਿਗਮ ਹਾਊਸ ਵਲੋਂ ਮਤਾ ਨੰ. 52 ਰਾਹੀਂ ਪਾਸ ਕੀਤਾ ਗਿਆ ਕਿ **ਸ਼ਾਮਲਾਤ ਜਮੀਨਾਂ ਦਾ ਮਾਲਕਾਨਾ ਹੱਕ ਦੇਣ ਦੇ ਨਿਯਮਾਂ ਅਨੁਸਾਰ ਕਾਰਵਾਈ ਆਰੰਭੀ ਜਾਵੇ।** ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਪਾਸੋਂ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ।

ਬਠਿੰਡਾ ਸ਼ਹਿਰ ਦੇ ਆਮ ਲੋਕਾਂ ਵਲੋਂ ਆਪਣੇ ਇਲਾਕੇ ਦੇ ਕੌਸਲਰਾਂ ਜਿਵੇਂ ਕਿ ਵਾਰਡ ਨੰ. 12, 18, 30, 31, 32 ਰਾਹੀਂ ਦਰਖਾਸਤਾਂ ਪੇਸ਼ ਕੀਤੀਆ ਗਈਆ ਹਨ ਕਿ ਉਹ ਸ਼ਾਮਲਾਤ ਜਗ੍ਹਾ ਤੇ ਪੁਸ਼ਤਾ ਤੋਂ ਕਾਬਜ ਹਨ। ਸਾਲ 2010 ਵਿੱਚ ਸਰਕਾਰ ਵਲੋਂ ਸ਼ਾਮਲਾਤ ਜਗ੍ਹਾ ਦੇ ਖਸਰਿਆਂ ਦਾ ਇੰਦਰਾਜ ਨਗਰ ਨਿਗਮ ਬਠਿੰਡਾ ਦੇ ਨਾਮ ਤਬਦੀਲ ਕਰ ਦਿੱਤਾ ਗਿਆ ਸੀ, ਜਿਸ ਕਾਰਨ ਉਹਨਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹ ਪ੍ਰਾਪਰਟੀ ਦਾ ਪੂਰਾ ਲਾਭ ਨਹੀਂ ਲੈ ਸਕੇ। ਉਹ ਇਸ ਜਗ੍ਹਾ ਤੇ ਮਕਾਨ ਬਣਾ ਕੇ ਪਰਿਵਾਰ ਸਮੇਂਤ ਕਾਫੀ ਅਰਸੇ ਤੋਂ ਰਹਿ ਰਹੇ ਹਨ। ਉਹਨਾਂ ਵਲੋਂ THE PUNJAB MANAGEMENT AND TRANSFER OF MUNICIPAL PROPERTIES ACT 2020 ਤਹਿਤ ਸ਼ਾਮਲਾਤ ਪ੍ਰਾਪਰਟੀਆਂ ਉਹਨਾਂ ਨੂੰ ਦੇਣ ਦੀ ਮੰਗ ਕੀਤੀ ਗਈ ਹੈ। ਇਸ ਦੇ ਮੱਦੇਨਜਰ ਨਗਰ ਨਿਗਮ ਬਠਿੰਡਾ ਵਲੋਂ ਲਿਖੇ ਪੱਤਰ ਦੇ ਅਧਾਰ ਤੇ ਡਿਪਟੀ ਕਮਿਸ਼ਨਰ ਕਮ ਡਿਸਟ੍ਰਿਕਟ ਕਲੈਕਟਰ ਬਠਿੰਡਾ ਜੋ Price & Rent Fixiation ਕਮੇਟੀ ਦੇ ਚੇਅਰਮੈਨ ਹਨ, ਵਲੋਂ ਇਸ ਸ਼ਾਮਲਾਤ ਜਗ੍ਹਾ ਦੇ ਰੇਟ ਫਿਕਸ ਕਰਨ ਲਈ ਮਿਤੀ 18/12/2021 ਨੂੰ ਮੀਟਿੰਗ ਕੀਤੀ ਗਈ ਜਿਸ ਵਿੱਚ ਤਹਿਸੀਲਦਾਰ ਬਠਿੰਡਾ, ਜਿਲ੍ਹਾ ਮਾਲ ਅਫਸਰ, ਉਪ-ਮੰਡਲ ਮੈਜਿਸਟਰੇਟ, ਕਮਿਸ਼ਨਰ ਨਗਰ ਨਿਗਮ ਬਠਿੰਡਾ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਵਧੀਕ ਡਿਪਟੀ ਕਮਿਸ਼ਨਰ ਜਰਨਲ, ਮੇਅਰ ਨਗਰ ਨਿਗਮ ਬਠਿੰਡਾ, ਚੇਅਰਮੈਨ ਇਮਪਰੂਵਮੈਂਟ ਟਰੱਸਟ ਬਠਿੰਡਾ, ਡਿਪਟੀ ਕਮਿਸ਼ਨਰ ਬਠਿੰਡਾ, ਸ੍ਰ. ਮਨਪ੍ਰੀਤ ਸਿੰਘ ਬਾਦਲ ਮਾਨਯੋਗ ਵਿੱਤ ਮੰਤਰੀ ਪੰਜਾਬ (ਜੋ ਵਿਧਾਨ ਸਭਾ ਹਲਕਾ, ਬਠਿੰਡਾ ਸ਼ਹਿਰੀ ਦੀ ਨੁਮਾਇੰਦਗੀ ਕਰਦੇ ਹਨ) ਹਾਜਰ ਆਏ ਅਤੇ ਕਮੇਟੀ ਵਲੋਂ ਪੱਤੀ ਮੈਹਣਾ ਵਿੱਚ ਘਨੱਈਆ ਨਗਰ, ਚੰਦਸਰ ਬਸਤੀ, ਭਾਗੂ ਰੋਡ, ਨਵਾਂ ਬੱਸ ਸਟੈਂਡ ਏਰੀਆਂ, ਧੋਬੀਆਣਾ ਬਸਤੀ, ਜੁਝਾਰ ਨਗਰ, ਬੀਬੀ ਵਾਲਾ ਰੋਡ, ਡਾ. ਨੇਹਰੀਆ ਵਾਲੀ ਗਲੀ, ਮੁਲਤਾਨੀਆਂ ਰੋਡ, ਸੰਗੂਆਣਾ ਬਸਤੀ, ਆਵਾ ਬਸਤੀ ਏਰੀਏ ਵਿੱਚ ਸ਼ਾਮਲਾਤ ਪ੍ਰਾਪਰਟੀਆਂ ਸਬੰਧੀ ਕਾਫੀ ਵਿਚਾਰ-ਵਿਮਸ਼ ਕਰਨ ਤੋਂ ਬਾਅਦ ਪ੍ਰਾਪਰਟੀਆਂ ਦੇ ਰੇਟ ਹੇਠ ਲਿਖੇ ਅਨੁਸਾਰ ਫਿਕਸ ਕਰਨ ਦੀ ਤਜਵੀਜ ਪੇਸ਼ ਕੀਤੀ ਗਈ:-

| **ਲੜੀ ਨੰ.** | **ਏਰੀਆ** | **ਰਿਹਾਇਸ਼ੀ ਰੇਟ ਪ੍ਰਤੀ ਵ.ਗਜ** |
|---|---|---|
| 1 | ਘੱਨੁਈਆ ਨਗਰ<br>(ਨਗਰ ਨਿਗਮ) | 1400/- |
| 2 | ਭਾਗੂ ਰੋਡ<br>(ਨਗਰ ਨਿਗਮ) | 2400/- |
| 3 | ਨਵਾਂ ਬੱਸ ਅੱਡਾ<br>(ਨਗਰ ਨਿਗਮ) | 4000/- |
| 4 | ਧੋਬੀਆਣਾ ਬਸਤੀ<br>(ਨਗਰ ਨਿਗਮ) | 2500/- |
| 5 | ਜੁਝਾਰ ਨਗਰ<br>(ਨਗਰ ਨਿਗਮ) | 1800/- |
| 6 | ਡਾ. ਨੇਹਰੀਆ ਵਾਲੀ ਗਲੀ (ਨਗਰ ਨਿਗਮ) | 1600/- |
| 7 | ਮੁਲਤਾਨੀਆ ਰੋਡ (ਨਗਰ ਨਿਗਮ) | 500/- |
| 8 | ਸੰਗੁਆਣਾ ਬਸਤੀ<br>(ਨਗਰ ਨਿਗਮ) | 500/- |
| 9 | ਆਵਾ ਬਸਤੀ (ਨਗਰ ਨਿਗਮ) | 500/- |

ਬਠਿੰਡਾ ਸ਼ਹਿਰ ਵਿਖੇ ਰੈਵਨਿਊ ਹੱਦ ਅੰਦਰ ਬਿਲਟ-ਅੱਪ ਸ਼ਾਮਲਾਤ ਪ੍ਰਾਪਰਟੀਆਂ ਨੂੰ THE PUNJAB MANAGEMENT AND TRANSFER OF MUNICIPAL PROPERTIES ACT 2020 ਤਹਿਤ ਡਿਸਪੋਜ ਆਫ ਕਰਨ ਲਈ ਉਕਤ ਤਜਵੀਜ ਹਾਊਸ ਵਿੱਚ ਵਿਚਾਰਨ ਲਈ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 99:** | THE PUNJAB MANAGEMENT AND TRANSFER OF MUNICIPAL PROPERTIES ACT 2020 ਦੇ ਮੱਦੇ ਨਜ਼ਰ ਸ਼ਾਮਲਾਟ ਜਮੀਨਾਂ ਸਬੰਧੀ ਜਿਲ੍ਹਾ ਕੂਲੈਕਟਰ - ਕਮ- ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਫਾਇਨਲ ਕੀਤੇ ਕੂਲੈਕਟਰ ਰੇਟਾਂ ਨੂੰ ਆਧਾਰ ਮੰਨਦੇ ਹੋਏ ਇਸ ਐਕਟ ਅਧੀਨ ਮਾਲਕਾਨਾਂ ਹੱਕ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਲੜੀ ਨੰਬਰ 4 ਤੇ ਦਰਜ਼ ਧੋਬੀਆਣਾ ਬਸਤੀ ਦਾ ਰੇਟ ਡਿਪਟੀ ਕਮਿਸ਼ਨਰ ਦਫਤਰ ਵੱਲੋਂ ਸਹਿਬਨ ਗਲਤੀ ਨਾਲ 2500/- ਪ੍ਰਤੀ ਵ: ਗਜ਼ ਲਿਖਿਆ ਗਿਆ ਹੈ। ਇਹ ਰੇਟ ਧੋਬੀਆਣਾ ਰੋਡ ਦਾ ਕੂਲੈਕਟਰ ਰੇਟ ਹੈ।ਰੇਟ ਦਰੁੱਸਤ ਕਰਨ ਲਈ ਡਿਪਟੀ ਕਮਿਸ਼ਨਰ, ਬਠਿੰਡਾ ਜੀ ਪਾਸ ਕੇਸ ਵਿਚਾਰ ਅਧੀਨ ਹੈ। ਰੇਟ ਪ੍ਰਾਪਤ ਹੋਣ ਤੇ ਧੋਬੀਆਣਾ ਬਸਤੀ ਵਿਖੇ ਸ਼ਾਮਲਾਟ ਜਗ੍ਹਾ ਦੇ ਮਾਲਕਾਨਾਂ ਹੱਕ ਦੇਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। |

ਇਸ ਉਪਰੰਤ ਮੀਟਿੰਗ ਧੰਨਵਾਦ ਨਾਲ ਖਤਮ ਕੀਤੀ ਗਈ।

**ਸਹੀ/-**
**ਮੇਅਰ**
**ਨਗਰ ਨਿਗਮ,ਬਠਿੰਡਾ।**